ਜੇਕਰ ਤੁਸੀ ਇਸ ਲੀਫਲੈਟ ਵਿੱਚ ਕੋਈ ਸੋਧ ਜਾ ਸੁਧਾਰ ਦਾ ਸੁਝਾਅ ਦੇਣਾ ਚਾਹੁੰਦੇ ਹੋ ਤਾ ਕਿਰਪਾ ਕਰਕੇ ਐਕਸਟੈਂਸ਼ਨ 3587 ਤੇ SWB ਲਾਇਬ੍ਰੇਰੀ ਸਰਵਸਿਸ ਨਾਲ ਸੰਪਰਕ ਕਰੋ ਜਾਂ swbh.library@nhs.net ਤੇ ਈਮੇਲ ਕਰੋ।

Health & care information you can trust

The Information Standard Certified Member

A Teaching Trust of The University of Birmingham
Incorporating City, Sandwell and Rowley Regis Hospitals

© Sandwell and West Birmingham Hospitals NHS Trust

ML5453
Issue Date: April 2022
Review Date: April 2025

NHS
Sandwell and West Birmingham
NHS Trust

# Tuberculosis (TB)

## ਮਰੀਜ਼ਾਂ ਅਤੇ ਵਿਜ਼ਿਟਰ ਲਈ ਜਾਣਕਾਰੀ ਅਤੇ ਸਲਾਹ

ਇਨਫੈਕਸ਼ਨ ਦੀ ਰੋਕਥਾਮ ਅਤੇ ਨਿਯੰਤਰਣ



Where
EVERYONE
Matters

## ਤਪਦਿਕ ਕੀ ਹੈ?

ਤਪਦਿਕ (ਟੀਬੀ) ਇੱਕ ਇਲਾਜਯੋਗ ਛੂਤ ਵਾਲੀ ਬਿਮਾਰੀ ਹੈ ਜੋ ਆਮ ਤੌਰ ਤੇ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ, ਪਰ ਇਹ ਸਰੀਰ ਦੇ ਕਿਸੇ ਹੋਰ ਹਿੱਸੇ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

## ਲੱਛਣ ਕੀ ਹਨ?

ਟੀਬੀ ਮਾਈਕੋਬੈਕਟੀਰੀਅਮ ਟਿਊਬਰਕਲੋਸਿਸ ਨਾਮਕ ਇੱਕ ਜੀਵਾਣੂ ਦੇ ਕਾਰਨ ਹੁੰਦੀ ਹੈ, ਜੋ ਕਿ ਟੀਬੀ ਨਾਲ ਸੰਕਰਮਿਤ ਵਿਅਕਤੀ ਤੋ ਫੜਿਆ ਜਾ ਸਕਦਾ ਹੈ। ਕਿਉਂਕਿ ਟੀਬੀ ਸਰੀਰ ਦੇ ਵੱਖ-ਵੱਖ ਹਿੱਸਿਆਂ ਨੂੰ ਪ੍ਰਭਾਵਿਤ ਕਰਦੀ ਹੈ, ਇਹ ਵੱਖ-ਵੱਖ ਤਰੀਕਿਆ ਨਾਲ ਫੈਲ ਸਕਦੀ ਹੈ। ਜੇਕਰ ਕਿਸੇ ਦੇ ਫੇਫੜਿਆਂ ਵਿੱਚ ਟੀਬੀ ਹੈ ਤਾ ਉਹ ਖੰਘਣ ਜਾਂ ਛਿੱਕਣ ਤੇ ਇਸ ਨੂੰ ਫੈਲਾ ਸਕਦਾ ਹੈ ਅਤੇ ਉਨ੍ਹਾਂ ਦੀਆ ਲਾਰ ਦੀਆ ਬੂੰਦਾਂ ਦੂਜਿਆ ਦੁਆਰਾ ਸਾਹ ਰਾਹੀ ਅੰਦਰ ਲਈਆ ਜਾਂਦੀਆਂ ਹਨ।

## ਸਭ ਤੋ ਵੱਧ ਖ਼ਤਰਾ ਕਿਸ ਨੂੰ ਹੈ?

ਟੀਬੀ ਕਿਸੇ ਵੀ ਉਮਰ ਵਿੱਚ ਕਿਸੇ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ; ਹਾਲਾਂਕਿ, ਕੁਝ ਦੇਸ਼ਾਂ ਵਿੱਚ ਟੀਬੀ ਦੀ ਵੱਧ ਘਟਨਾ ਹੈ ਅਤੇ ਜਿਹੜੇ ਲੋਕ ਇਹਨਾ ਦੇਸ਼ਾਂ ਵਿੱਚ ਪੈਦਾ ਹੋਏ ਸਨ, ਜਾਂ ਇਹਨਾ ਦੇਸ਼ਾਂ ਵਿੱਚ ਗਏ ਹਨ,ਉਹਨਾ ਨੂੰ ਟੀਬੀ ਹੋਣ ਦਾ ਵਧੇਰੇ ਜੋਖਮ ਹੋ ਸਕਦਾ ਹੈ। ਤੁਹਾਡਾ ਜੀਪੀ ਤੁਹਾਨੂੰ ਇਹ ਸਲਾਹ ਦੇਣ ਦੇ ਯੋਗ ਹੋਵੇਗਾ ਜੇਕਰ ਤੁਸੀ ਜਿਸ ਦੇਸ਼ ਵਿੱਚ ਪੈਦਾ ਹੋਏ ਜਾਂ ਤੁਸੀ ਗਏ ਹੋ, ਉਸ ਦੇਸ਼ ਵਿੱਚ ਟੀਬੀ ਦਾ ਜ਼ਿਆਦਾ ਖ਼ਤਰਾ ਹੈ।

ਲੋਕਾ ਦੇ ਕੁਝ ਸਮੂਹਾ ਨੂੰ ਵੀ ਸੰਕਰਮਣ ਦਾ ਵਧੇਰੇ ਖ਼ਤਰਾ ਹੋ ਸਕਦਾ ਹੈ, ਜਿਵੇ ਕਿ ਉਹ ਲੋਕ ਜੋ ਇਮਿਊਨ-ਸਪਰੈੱਸਡ ਹਨ, ਕੁਪੋਸ਼ਿਤ ਹਨ ਜਾਂ ਜਿਨ੍ਹਾਂ ਨੂੰ ਪੁਰਾਣੀ ਬਿਮਾਰੀ ਹੈ।

ਜਿਨ੍ਹਾਂ ਨੂੰ ਬੀ.ਸੀ.ਜੀ. ਦੀ ਲਾਗ (ਟੀ.ਬੀ. ਦੇ ਵਿਰੁੱਧ ਟੀਕਾਕਰਣ) ਮਿਲਿਆ ਹੈ, ਉਹਨਾ ਨੂੰ ਟੀਬੀ ਹੋਣ ਦਾ ਘੱਟ ਜੋਖਮ ਹੁੰਦਾ ਹੈ; ਹਾਲਾਂਕਿ ਕੋਈ ਵੀ ਵੈਕਸੀਨ 100% ਸੁਰੱਖਿਆ ਨਹੀ ਦੇ ਸਕਦੀ।

## ਲੱਛਣ ਕੀ ਹਨ?

ਟੀਬੀ ਦਾ ਸਭ ਤੋ ਆਮ ਲੱਛਣ ਖੰਘ ਹੈ। ਹੋਰ ਲੱਛਣਾਂ ਵਿੱਚ ਸ਼ਾਮਲ ਹਨ:

- ਖੂਨ ਨਾਲ ਰੰਗੇ ਥੁੱਕ (ਬਲਗਮ)
- ਭੁੱਖ ਨਾ ਲੱਗਣਾ
- ਭਾਰ ਘਟਣਾ
- ਰਾਤ ਨੂੰ ਪਸੀਨਾ ਆਉਣਾ
- ਛਾਤੀ ਵਿੱਚ ਦਰਦ

## ਇਸ ਪਰਚੇ ਵਿੱਚ ਜਾਣਕਾਰੀ ਲਈ ਸਰੋਤ ਵਰਤੇ ਗਏ ਹਨ


- National institute for health and care excellence (2019). *Tuberculosis NICE guideline [NG33]*. Available at: https://www.nice.org.uk/guidance/ng33 (Accessed 4 April 2022).
- Joint Tuberculosis Committee of the British Thoracic Society. (2000). Control and prevention of tuberculosis in the United Kingdom: code of practice 2000. Thorax, 55(11), 887-901.
- Joint, T. (1998). Chemotherapy and management of tuberculosis in the United Kingdom: recommendations 1998. *Thorax, 53*(7), 536.
- UK Health security agency (2013). Tuberculosis: the green book, chapter 32: *Tuberculosis immunisation information for public health professionals, including updates*. Available at: https://www.gov.uk/government/publications/tuberculosis-the-green-book-chapter-32 (Accessed 4 April 2022).

## Further Information Sources:

**ਹੋਰ ਜਾਣਕਾਰੀ ਸਰੋਤ:**
*www.nhs.uk*

**ਟੀਬੀ ਬਾਰੇ ਜਾਣਕਾਰੀ:**
*www.nhs.uk/conditions/tuberculosis-tb/*

**ਟੀਬੀ ਦੇ ਵਿਰੁੱਧ ਬੀਸੀਜੀ ਟੀਕਾਕਰਨ ਬਾਰੇ ਜਾਣਕਾਰੀ:**
*www.nhs.uk/conditions/vaccinations/bcg-tuberculosis-tb-vaccine/*

**NHS 111 ਸਰਵਿਸ:**
*https://111.nhs.uk/*

- ਬੁਖਾਰ (ਉੱਚ ਤਾਪਮਾਨ)

ਜੇਕਰ ਟੀਬੀ ਲਸਿਕਾ ਗ੍ਰੰਥੀਆਂ ਨੂੰ ਪ੍ਰਭਾਵਿਤ ਕਰਦੀ ਹੈ ਤਾ ਗਰਦਨ ਵਿੱਚ ਗੰਢਾਂ ਹੋ ਸਕਦੀਆ ਹਨ। ਟੀਬੀ ਸਰੀਰ ਦੇ ਕਿਸੇ ਵੀ ਹਿੱਸੇ ਨੂੰ ਪ੍ਰਭਾਵਿਤ ਕਰ ਸਕਦੀ ਹੈ ਇਸ ਲਈ ਹੋਰ ਲੱਛਣ ਮੌਜੂਦ ਹੋ ਸਕਦੇ ਹਨ।

## ਟੀਬੀ ਦੀ ਪਹਿਚਾਣ ਕਿਵੇ ਕੀਤੀ ਜਾਂਦੀ ਹੈ?

ਫੇਫੜਿਆ ਦੀ ਟੀਬੀ ਦਾ ਪਤਾ ਆਮ ਤੌਰ ਤੇ ਛਾਤੀ ਦੇ ਐਕਸ-ਰੇ ਦੁਆਰਾ ਅਤੇ ਥੁੱਕ (ਬਲਗਮ) ਦੇ ਨਮੂਨੇ ਦੀ ਜਾਂਚ ਦੁਆਰਾ ਕੀਤਾ ਜਾਂਦਾ ਹੈ। ਕਈ ਤਰ੍ਹਾਂ ਦੀਆ ਜਾਂਚਾਂ ਤੇ ਬਾਅਦ ਸਰੀਰ ਦੇ ਦੂਜੇ ਹਿੱਸਿਆ ਵਿੱਚ ਟੀਬੀ ਦਾ ਪਤਾ ਲਗਾਇਆ ਜਾ ਸਕਦਾ ਹੈ

ਜੇਕਰ ਤੁਹਾਨੂੰ ਟੀਬੀ ਦਾ ਪਤਾ ਚੱਲਦਾ ਹੈ, ਤਾ ਤੁਹਾਡੇ ਪਰਿਵਾਰ ਦਾ ਕੋਈ ਨਜ਼ਦੀਕੀ ਮੈਂਬਰ ਵੀ ਸੰਕਰਮਿਤ ਹੋ ਸਕਦਾ ਹੈ। ਇਹਨਾ ਪਰਿਵਾਰਕ ਮੈਂਬਰਾ ਨੂੰ ਚੈਸਟ ਕਲੀਨਿਕ ਦੁਆਰਾ ਉਹਨਾ ਨੂੰ ਲੋੜੀਂਦੇ ਟੈਸਟਾਂ ਬਾਰੇ ਸੂਚਿਤ ਕੀਤਾ ਜਾਵੇਗਾ, ਜਿਵੇ ਕਿ ਛਾਤੀ ਦਾ ਐਕਸ-ਰੇ।

## ਟੀਬੀ ਦਾ ਇਲਾਜ ਕੀ ਹੈ?

ਕਿਰਿਆਸ਼ੀਲ ਟੀਬੀ ਦੇ ਇਲਾਜ ਵਿੱਚ ਗੋਲੀਆ ਦਾ ਇੱਕ ਕੋਰਸ ਸ਼ਾਮਲ ਹੁੰਦਾ ਹੈ ਜੋ ਆਮ ਤੌਰ ਤੇ ਛੇ ਤੇ ਨੌਂ ਮਹੀਨਿਆ ਲਈ ਨਿਯਮਿਤ ਤੌਰ ਤੇ ਲੈਣ ਦੀ ਲੋੜ ਹੁੰਦੀ ਹੈ। ਜੇਕਰ ਤੁਹਾਨੂੰ ਟੀਬੀ ਦਾ ਪਤਾ ਚੱਲਦਾ ਹੈ ਤਾ ਤੁਹਾਨੂੰ ਹੋਰ ਜਾਂਚਾਂ ਅਤੇ ਇਲਾਜ ਸ਼ੁਰੂ ਕਰਨ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਜਾ ਸਕਦਾ ਹੈ।

ਤੁਹਾਨੂੰ ਹਸਪਤਾਲ ਤੇ ਛੁੱਟੀ ਮਿਲਣ ਤੇ ਬਾਅਦ, ਤੁਹਾਨੂੰ ਸ਼ੁਰੂ ਵਿੱਚ ਹਰ ਤਿੰਨ ਤੇ ਚਾਰ ਹਫ਼ਤਿਆ ਵਿੱਚ ਬਾਹਰੀ ਮਰੀਜ਼ਾਂ ਦੇ ਵਿਭਾਗ ਵਿੱਚ ਡਾਕਟਰ ਨੂੰ ਮਿਲਣ ਲਈ ਵਾਪਸ ਆਉਣ ਦੀ ਲੋੜ ਹੋ ਸਕਦੀ ਹੈ, ਅਤੇ ਫਿਰ ਉਸ ਤੇ ਬਾਅਦ ਘੱਟ ਵਾਰ ਅਤੇ ਛਾਤੀ ਕਲੀਨਿਕ ਵਿੱਚ ਵੀ ਬਾਅਦ ਵਿੱਚ ਬੁਲਾਇਆ ਜਾ ਸਕਦਾ ਹੈ।

ਬਹੁਤ ਸਾਰੀਆ ਸਥਿਤੀਆ ਵਿੱਚ, ਟੀਬੀ ਵਾਲੇ ਲੋਕਾ ਦਾ ਇਲਾਜ ਉਨ੍ਹਾਂ ਦੇ ਆਪਣੇ ਘਰ ਵਿੱਚ ਕੀਤਾ ਜਾਂਦਾ ਹੈ। ਇਸ ਹਾਲਤ ਵਿੱਚ ਤੁਹਾਡੀ ਦੇਖਭਾਲ ਦਾ ਪ੍ਰਬੰਧਨ ਕਮਿਊਨਿਟੀ ਟੀਬੀ ਨਰਸਾਂ ਅਤੇ ਚੈਸਟ ਕਲੀਨਿਕ ਦੁਆਰਾ ਕੀਤਾ ਜਾਵੇਗਾ। ਇਹ ਮਹੱਤਵਪੂਰਨ ਹੈ ਕਿ ਤੁਸੀ ਨਰਸਾਂ ਦੁਆਰਾ ਦਿੱਤੀ ਗਈ ਸਲਾਹ ਦੀ ਪਾਲਣਾ ਕਰੋ ਅਤੇ ਆਪਣੀ ਦਵਾਈ ਲੈਣਾ ਜਾਰੀ ਰੱਖੋ। ਜੇਕਰ ਤੁਹਾਨੂੰ ਕੋਈ ਚਿੰਤਾ ਹੈ ਤਾ ਕਿਰਪਾ ਕਰਕੇ ਆਪਣੀ ਕਮਿਊਨਿਟੀ ਟੀਬੀ ਨਰਸ ਜਾਂ ਜੀਪੀ ਨਾਲ ਗੱਲ ਕਰੋ।

## ਇਲਾਜ ਦੇ ਕੀ ਫਾਇਦੇ ਹਨ?

ਸਫਲ ਇਲਾਜ ਦਾ ਆਮ ਤੌਰ ਤੇ ਇਹ ਮਤਲਬ ਹੁੰਦਾ ਹੈ ਕਿ ਇੱਕ ਸੰਕਰਮਿਤ ਵਿਅਕਤੀ ਬਿਨਾਂ ਕਿਸੇ ਵੱਡੀ ਪੇਚੀਦਗੀ ਦੇ ਠੀਕ ਹੋ ਜਾਂਦਾ ਹੈ।

## ਇਲਾਜ ਦੇ ਜੋਖਮ ਕੀ ਹਨ?

ਗੋਲੀਆ ਦੇ ਕੁਝ ਮਾੜੇ ਪ੍ਰਭਾਵ ਹੁੰਦੇ ਹਨ ਜਿਵੇ ਕਿ:

- ਪਿਸ਼ਾਬ ਦਾ ਰੰਗੀਨ ਹੋਣਾ
- ਮਤਲੀ/ਉਲਟੀ
- ਪੀਲੀਆ, ਧੱਫੜ, ਸੁਈਆਂ ਦਾ ਚੁਬਣਾ ਅਨੁਭਵ ਹੋਣਾ, ਚੱਕਰ ਆਉਣੇ ਅਤੇ ਨਿਗਾਹ ਦੀ ਗੜਬੜ।

ਜੇਕਰ ਤੁਹਾਨੂੰ ਇਹਨਾ ਵਿੱਚੋ ਕੋਈ ਵੀ ਸਮੱਸਿਆ ਪੈਦਾ ਹੁੰਦੀ ਹੈ ਤਾ ਜਿੰਨੀ ਜਲਦੀ ਹੋ ਸਕੇ ਆਪਣੇ ਡਾਕਟਰ ਨੂੰ ਰਿਪੋਰਟ ਕਰੋ।

## ਇਲਾਜ ਨਾ ਕਰਵਾਉਣ ਦੇ ਕੀ ਖ਼ਤਰੇ ਹਨ?

ਜੇ ਤੁਸੀ ਆਪਣੀ ਦਵਾਈ ਨਹੀ ਲੈਂਦੇ ਜਾਂ ਦਵਾਈ ਦਾ ਪੂਰਾ ਕੋਰਸ ਪੂਰਾ ਨਹੀ ਕਰਦੇ ਤਾ ਤੁਹਾਡੀ ਇਨਫੈਕਸ਼ਨ ਵਿਗੜ ਸਕਦੀ ਹੈ ਅਤੇ ਗੰਭੀਰ ਮਾਮਲਿਆ ਵਿੱਚ ਘਾਤਕ ਹੋ ਸਕਦੀ ਹੈ ਇਸ ਤੇ ਇਲਾਵਾ, ਜੇਕਰ ਤੁਸੀ ਇਲਾਜ ਨਹੀ ਕਰਵਾਉਂਦੇ ਜਾਂ ਆਪਣਾ ਇਲਾਜ ਪੂਰਾ ਨਹੀ ਕਰਦੇ ਤਾਂ ਤੁਸੀ ਦੂਜੇ ਲੋਕਾਂ ਨੂੰ ਸੰਕਰਮਿਤ ਕਰਨ ਦੇ ਜੋਖਮ ਵਿੱਚ ਹੋ ਅਤੇ ਮਲਟੀ ਡਰੱਗ ਰੋਧਕ ਟੀਬੀ ਦਾ ਵਿਕਾਸ ਕਰਦੇ ਹੋ (ਟੀਬੀ ਜਿਸਤੇ ਇਲਾਜ ਕੰਮ ਨਹੀ ਕਰਦਾ)

## ਕੀ ਕੋਈ ਵਿਕਲਪਕ ਇਲਾਜ ਹਨ?

ਕੋਈ ਹੋਰ ਪ੍ਰਭਾਵੀ ਇਲਾਜ ਉਪਲਬਧ ਨਹੀ ਹਨ।

## ਟੀਬੀ ਦੇ ਫੈਲਣ ਨੂੰ ਕਿਵੇ ਰੋਕਿਆ ਜਾ ਸਕਦਾ ਹੈ?

ਤੁਸੀ ਉਦੋ ਤੱਕ ਛੂਤਕਾਰੀ ਬਣ ਸਕਦੇ ਹੋ ਜਦੋ ਤੱਕ ਤੁਸੀ ਕਈ ਹਫ਼ਤਿਆ ਤੇ ਇਲਾਜ ਕਰਵਾਉਂਦੇ ਹੋ। ਦੂਜਿਆ ਨੂੰ ਬਿਮਾਰੀ ਫੈਲਣ ਤੋਂ ਰੋਕਣ ਲਈ:

- ਖੰਘਣ ਵੇਲੇ ਆਪਣਾ ਨੱਕ ਅਤੇ ਮੂੰਹ ਢੱਕੋ
- ਟਿਸ਼ੂਆ ਨੂੰ ਧਿਆਨ ਨਾਲ ਕੂੜੇਦਾਨ ਵਿੱਚ ਸੁੱਟੋ ਅਤੇ ਆਪਣੇ ਹੱਥਾ ਨੂੰ ਚੰਗੀ ਤਰ੍ਹਾਂ ਧੋਵੋ
- ਆਪਣੀ ਟੀਬੀ ਦੀਆ ਸਾਰੀਆ ਦਵਾਈਆ ਉਸੇ ਤਰ੍ਹਾਂ ਹੀ ਲਓ ਜਿਵੇ ਤੁਹਾਡੇ ਡਾਕਟਰ ਨੇ ਦੱਸਿਆ ਹੈ
- ਕੰਮ/ਸਕੂਲ ਤੇ ਦੂਰ ਰਹੋ ਜਦੋ ਤੱਕ ਤੁਹਾਡਾ ਜੀਪੀ ਜਾਂ ਟੀਬੀ ਨਰਸ/ਡਾਕਟਰ ਤੁਹਾਨੂੰ ਇਹ ਨਹੀ ਦੱਸਦਾ ਕਿ ਵਾਪਸ ਆਉਣਾ ਵਧੇਰੇ ਸੁਰੱਖਿਅਤ ਹੈ।

## ਜੇ ਤੁਸੀ ਹਸਪਤਾਲ ਵਿੱਚ ਦਾਖਲ ਹੋ?

ਜੇਕਰ ਤੁਸੀ ਹਸਪਤਾਲ ਵਿੱਚ ਦਾਖਲ ਹੋ ਤਾ ਤੁਹਾਨੂੰ ਵਾਰਡ ਦੇ ਇੱਕ ਕਮਰੇ ਵਿੱਚ ਰਖਿਆ ਜਾਵੇਗਾ ਅਤੇ ਇਹ ਮਹੱਤਵਪੂਰਨ ਹੈ ਕਿ ਤੁਸੀ ਆਪਣੇ ਕਮਰੇ ਵਿੱਚ ਰਹੋ। ਇਹ ਦੂਜੇ ਮਰੀਜ਼ਾਂ ਨੂੰ ਬਚਾਉਣ ਲਈ ਹੈ ਜੋ ਇਨਫੈਕਸ਼ਨ ਲਈ ਸੰਵੇਦਨਸ਼ੀਲ ਹੋ ਸਕਦੇ ਹਨ। ਜੇ ਤੁਹਾਨੂੰ ਟੈਸਟਾਂ/ਜਾਂਚ (ਜਿਵੇ ਕਿ ਐਕਸ-ਰੇ) ਲਈ ਆਪਣਾ ਕਮਰਾ ਛੱਡਣ ਦੀ ਲੋੜ ਹੈ ਤਾ ਤੁਹਾਨੂੰ ਫੇਸ ਮਾਸਕ ਪਹਿਨਣ ਲਈ ਕਿਹਾ ਜਾ ਸਕਦਾ ਹੈ ਜੇਕਰ ਤੁਸੀ ਛੂਤ ਵਾਲੇ ਹੋ। ਤੁਹਾਨੂੰ ਸ਼ਾਇਦ ਦੋ ਹਫ਼ਤਿਆ ਲਈ ਅਲੱਗ-ਥਲੱਗ ਰਹਿਣ ਦੀ ਲੋੜ ਪਵੇਗੀ ਅਤੇ ਇਹ ਦੇਖਣ ਲਈ ਕਿ ਇਲਾਜ ਕੰਮ ਕਰ ਰਿਹਾ ਹੈ, ਥੁੱਕ ਦੇ ਹੋਰ ਨਮੂਨੇ ਲਏ ਜਾਣਗੇ।

ਹਸਪਤਾਲ ਨੂੰ ਇਹ ਦੱਸਣਾ ਮਹੱਤਵਪੂਰਨ ਹੈ ਕਿ ਪਰਿਵਾਰ ਦੇ ਕਿਸੇ ਮੈਂਬਰ ਨੂੰ ਟੀਬੀ ਜਾਂ ਟੀਬੀ ਦੇ ਲੱਛਣ ਹੋ ਸਕਦੇ ਹਨ। ਜੇਕਰ ਉਹਨਾਂ ਨੂੰ ਛੂਤਕਾਰੀ ਸਮਝਿਆ ਜਾਂਦਾ ਹੈ ਤਾ ਉਹਨਾ ਨੂੰ ਉਦੋਂ ਤੱਕ ਨਾ ਆਉਣ ਦੀ ਬੇਨਤੀ ਕੀਤੀ ਜਾ ਸਕਦੀ ਹੈ (ਜਦੋ ਤੱਕ ਕਿ ਅਸਧਾਰਨ ਸਥਿਤੀਆ ਵਿੱਚ) ਉਦੋਂ ਤੱਕ ਜਦੋ ਤੱਕ ਉਹ ਛੂਤਕਾਰੀ ਨਹੀ ਹੁੰਦੇ।

## ਸੰਪਰਕ ਵੇਰਵੇ

ਜੇਕਰ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਤੁਹਾਡੀ ਦੇਖਭਾਲ ਕਰ ਰਹੇ ਡਾਕਟਰ, ਤੁਹਾਡੀ ਜੀਪੀ, ਕਮਿਊਨਿਟੀ ਟੀਬੀ ਨਰਸਾਂ ਜਾਂ ਹਸਪਤਾਲ ਦੀ ਇਨਫੈਕਸ਼ਨ, ਪਰੀਵੈਂਸ਼ਨ ਅਤੇ ਕੰਟਰੋਲ ਨਰਸਾ ਨਾਲ ਗੱਲ ਕਰੋ।

### ਕਮਿਊਨਿਟੀ ਟੀਬੀ ਨਰਸਾਂ

ਸੈਂਡਵੈਲ ਨਿਵਾਸੀ
0121 507 3107

ਬਰਮਿੰਘਮ ਨਿਵਾਸੀ
Heart of England NHS Trust
0121 424 2000 (ਬਰਮਿੰਘਮ ਚੈਸਟ ਕਲੀਨਿਕ ਲਈ ਪੁੱਛੋ)

### ਕੰਟਰੋਲ ਇਨਫੈਕਸ਼ਨ ਸਰਵਿਸ - SWBH

0121 554 3801 ਜਾਂ 0121 507 5195

### NHS ਗੈਰ-ਐਮਰਜੈਂਸੀ

NHS 111